# ਛੋਟੇ ਉੱਤਰਾਂ ਵਾਲੇ ਪ੍ਰਸ਼ਨ (ਚਿੱਟਾ ਲਹੂ)

ਪ੍ਰ. 1. ਪੰਜਾਬੀ ਨਾਵਲ ਦਾ ਪਿਤਾਮਾ ਕਿਸ ਨੂੰ ਕਿਹਾ ਜਾਂਦਾ ਹੈ?

ਉ. ਨਾਨਕ ਸਿੰਘ ਨੂੰ।

ਪ੍ਰ. 2. ਨਾਨਕ ਸਿੰਘ ਦਾ ਜਨਮ ਕਦੋਂ ਤੇ ਕਿੱਥੇ ਹੋਇਆ?

ਉ. ਨਾਨਕ ਸਿੰਘ ਦਾ ਜਨਮ 4 ਜੁਲਾਈ, 1897 ਈ. ਨੂੰ ਪਿੰਡ ਚੱਕ ਹਮੀਦ ਜ਼ਿਲ੍ਹਾ ਜੇਹਲਮ (ਪੱਛਮੀ ਪੰਜਾਬ) ਵਿੱਚ ਹੋਇਆ।

ਪ੍ਰ. 3. ਨਾਨਕ ਸਿੰਘ ਤੇ ਕਿਨ੍ਹਾਂ ਵਿਅਕਤੀਆਂ ਦਾ ਪ੍ਰਭਾਵ ਪਿਆ?

ਉ. ਗਿਆਨੀ ਬਾਗ ਸਿੰਘ, ਮੁਨਸ਼ੀ ਪ੍ਰੇਮ ਚੰਦ ਅਤੇ ਸਰਦਾਰ ਗੁਰਬਖਸ਼ ਸਿੰਘ।

ਪ੍ਰ. 4. ਨਾਨਕ ਸਿੰਘ ਦੇ ਮੁੱਢਲੇ ਚਾਰ ਨਾਵਲ ਕਿਹੜੇ ਹਨ?

ਉ. ਮਤਰੇਈ ਮਾਂ, ਕਾਲ-ਚੱਕਰ, ਮਿੱਠਾ ਮਹੁਰਾ ਅਤੇ ਪ੍ਰੇਮ-ਸੰਗੀਤ ਹਨ।

ਪ੍ਰ. 5. ਨਾਨਕ ਸਿੰਘ ਦੇ ਕਿਸ ਨਾਵਲ ਉੱਪਰ ਫ਼ਿਲਮ ਬਣੀ ਸੀ?

ਉ. ਪਵਿੱਤਰ ਪਾਪੀ (ਨਾਵਲ)।

ਪ੍ਰ. 6. ਨਾਵਲ 'ਚਿੱਟਾ ਲਹੂ' ਕਦੋਂ ਪ੍ਰਕਾਸ਼ਿਤ ਕੀਤਾ ਗਿਆ? ਇਸ ਦੀ ਭੂਮਿਕਾ ਕਿਸ ਨੇ ਲਿਖੀ?

ਉ. ਇਹ ਨਾਵਲ 1932 ਈ. ਵਿੱਚ ਪ੍ਰਕਾਸ਼ਿਤ ਹੋਇਆ। ਇਸ ਦੀ ਭੂਮਿਕਾ ਪ੍ਰਸਿੱਧ ਸਾਹਿਤਕਾਰ ਪ੍ਰਿੰਸੀਪਲ ਤੇਜਾ ਸਿੰਘ ਨੇ ਲਿਖੀ।

ਪ੍ਰ. 7. 'ਚਿੱਟਾ ਲਹੂ' ਨਾਵਲ ਦੇ ਪਾਤਰਾਂ ਦੇ ਨਾਂ ਲਿਖੋ?

ਉ. ਗੁਰਦੇਵੀ (ਅਨਵਰ ਜਾਨ), ਸੁੰਦਰੀ (ਗੁਪਤੇਸ਼ੂਰ), ਬਚਨ ਸਿੰਘ, ਪੰਡਤ

ਪ੍ਰ. 8. ਗੁਰਦੇਵੀ ਕੌਣ ਸੀ? ਉਹ ਕਿਹੋ - ਜਿਹਾ ਜੀਵਨ ਬਤੀਤ ਕਰਦੀ ਸੀ?

ਉ. ਗੁਰਦੇਵੀ, ਤਾਰਾ ਚੰਦ ਦੀ ਪਤਨੀ ਤੇ ਸੁੰਦਰੀ ਦੀ ਮਾਂ ਸੀ। ਜਿਸ ਤੋਂ ਪਹਿਲਾਂ ਵੀ ਗੁਰਦੇਵੀ ਦਾ ਇੱਕ ਵਿਆਹ ਹੋ ਚੁੱਕਿਆ ਸੀ। ਸਮਾਜ ਦੇ ਮੁੰਡਿਆਂ ਸਦਕਾ ਇਸ ਨੂੰ ਕੋਠੇ ਦੀ ਕੰਜਰੀ (ਅਨਵਰ ਜਾਨ) ਬਣਨਾ ਪਿਆ। ਪੀੜਿਤ, ਸਤਾਈ, ਸਮਾਜ ਅਤੇ ਆਪਣੇ ਧਰਮ ਤੋਂ ਦੁਰਕਾਰੀ ਹੋਈ ਗੁਰਦੇਵੀ ਨਰਕ ਭਰਿਆ ਜੀਵਨ ਬਤੀਤ ਕਰਦੀ ਹੈ।

ਪ੍ਰ. 9. ਗੁਰਦੇਵੀ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਪਈ ਨੂੰ ਕਿਸ ਨੇ ਬਚਾਇਆ ਸੀ?

ਉ. ਫ਼ਸਾਦ ਵਾਲੀ ਰਾਤ ਬੇਹੋਸ਼ ਪਈ ਗੁਰਦੇਵੀ ਨੂੰ ਇੱਕ ਮੁਸਲਮਾਨ ਪਰਿਵਾਰ ਨੇ ਬਚਾਇਆ ਸੀ, ਜੋ ਉਸ ਸਮੇਂ ਟਾਂਗੇ ਉੱਤੇ ਸਵਾਰ ਹੋ ਕੇ ਘਰ ਵੱਲ ਜਾ ਰਹੇ ਸਨ। ਇਸ ਮੁਸਲਿਮ ਪਰਿਵਾਰ ਦੇ ਜਤਨਾਂ ਸਦਕਾ ਗੁਰਦੇਵੀ ਨੂੰ ਨਵਾਂ ਜੀਵਨ ਮਿਲਿਆ।

ਪ੍ਰ. 10. ਗੁਰਦੇਵੀ ਦੇ ਅਨਪੜ੍ਹਤਾ ਕਾਰਨ ਉਸ ਦੇ ਜੀਵਨ ਤੇ ਕੀ ਪ੍ਰਭਾਵ ਪਿਆ?

ਉ. ਗੁਰਦੇਵੀ ਦੀ ਅਨਪੜ੍ਹਤਾ ਦਾ ਨਾਜਾਇਜ਼ ਫ਼ਾਇਦਾ ਉਠਾਉਂਦਾ ਹੋਇਆ ਉਸ ਦੇ ਪਤੀ ਦਾ ਵੱਡਾ ਭਰਾ ਕਰਮਚੰਦ, ਗੁਰਦੇਵੀ ਦੇ ਹਿੱਸੇ ਦੀ ਜ਼ਮੀਨ-ਜਾਇਦਾਦ ਤੇ ਗਹਿਣੇ ਧੋਖੇ ਨਾਲ ਉਸ ਦਾ ਅੰਗੂਠਾ ਲਵਾ ਕੇ ਆਪਣੇ ਵੱਸ ਕਰ ਲੈਂਦਾ ਹੈ। ਉਸ ਨੂੰ ਘਰੋਂ ਕੁੱਟ-ਮਾਰ ਕੇ ਬਾਹਰ ਸੁੱਟ ਦਿੱਤਾ ਜਾਂਦਾ ਹੈ। ਉਹ ਅਨਪੜ੍ਹਤਾ ਕਾਰਨ ਆਪਣਾ ਹੱਕ ਲੈਣ ਵਿੱਚ ਅਸਮਰੱਥ ਰਹਿੰਦੀ ਹੈ।

ਪ੍ਰ. 11. ਗੁਰਦੇਵੀ ਆਪਣੇ ਜੀਵਨ ਦੀ ਬਰਬਾਦੀ ਦਾ ਬਦਲਾ ਕਿਨ੍ਹਾਂ ਤੋਂ ਤੇ ਕਿਵੇਂ ਲੈਂਦੀ ਹੈ?

ਮੌਤ ਦੇ ਦਿਮਾਗ ਵਿੱਚ ਮੁਜਾਰਾ ਕਰਨ ਆਉਂਦੀ ਹੈ। ਉਥੇ ਹਰ ਸਮੇਂ ਸੋ ਉਹ ਚੰਡੀ ਦਾ ਰੂਪ ਧਾਰਨ ਕਰਕੇ ਕਰਮਚੰਦ ਅਤੇ ਪੀਤਮ ਹਰਿਆ ਕ੍ਰਿਸ਼ਨ ਨੂੰ ਮੌਤ ਦੇ ਘਾਟ ਉਤਾਰ ਦੇ ਆਪਣਾ ਬਦਲਾ ਪੂਰਾ ਕਰ ਲੈਂਦੀ ਹੈ ਅਤੇ ਪਿੱਛੋਂ ਉਹ ਆਪ ਖੁਦਕੁਸ਼ੀ ਕਰ ਲੈਂਦੀ ਹੈ।

ਪ੍ਰ.12. ਮੁੰਦਰੀ ਕਿਸ ਦੀ ਪਤਨੀ ਸੀ? ਅਤੇ ਕਿੱਥੇ ਰਹਿੰਦੀ ਸੀ?

ਉ. ਮੁੰਦਰੀ ਕਲੰਦਰ ਤੇਤੂ ਦੀ ਪਤਨੀ ਸੀ। ਉਹ ਪਿੰਡ ਈਦਾਨਪੁਰ ਵਿੱਚ ਇੱਕ ਝੁੱਗੀ ਵਿੱਚ ਰਹਿੰਦੇ ਸੀ, ਜਿੱਥੇ ਤੇਤੂ ਅਤੇ ਉਸ ਦੀ ਬਾਂਦਰੀ (ਫੱਤੋ) ਉਸ ਨੂੰ ਬਹੁਤ ਪਿਆਰ ਕਰਦੇ ਸਨ।

ਪ੍ਰ.13. ਮੁੰਦਰੀ ਨੂੰ ਪਿੰਡ ਵਾਲੇ ਗੁਰੂ ਘਰ ਵਿੱਚ ਕਿਉਂ ਕੁੱਟਦੇ ਹਨ?

ਉ. ਮੁੰਦਰੀ ਕਲੰਦਰਾਂ ਜਾਤ ਅਛੂਤਾਂ ਦੀ ਧੀ ਸੀ। ਪਿੰਡ ਦੇ ਲੋਕ ਸਮਝਦੇ ਸਨ ਕਿ ਗੁਰਪੁਰਬ ਵਾਲੇ ਦਿਨ ਮੁੰਦਰੀ ਨੇ ਗੁਰੂ-ਘਰ ਵਿੱਚ ਦਾਖਲ ਹੋ ਕੇ ਉਨ੍ਹਾਂ ਦਾ ਧਰਮ ਭ੍ਰਿਸ਼ਟ ਕੀਤਾ ਹੈ। ਇਸ ਲਈ ਪਿੰਡ ਵਾਲੇ ਮੁੰਦਰੀ ਨੂੰ ਬੁਰੀ ਤਰ੍ਹਾਂ ਕੁੱਟਦੇ ਹਨ।

ਪ੍ਰ.14. ਮੁੰਦਰੀ ਪੜ੍ਹਨ ਲਈ ਗੁਰੂ-ਘਰ ਦੇ ਬਾਹਰ ਹੀ ਕਿਉਂ ਬੈਠਦੀ ਸੀ?

ਉ. ਮੁੰਦਰੀ ਇੱਕ ਅਛੂਤਾਂ ਦੀ ਕੁੜੀ ਸੀ, ਜਿਨ੍ਹਾਂ ਦਾ ਗੁਰੂ-ਘਰ ਅੰਦਰ ਦਾਖਲ ਹੋਣਾ ਵਰਜਿਤ ਸੀ, ਇਸ ਲਈ ਉਹ ਗੁਰੂ-ਘਰ ਦੇ ਬਾਹਰ ਤੱਪੜ ਉੱਪਰ ਬੈਠ ਕੇ ਪੜ੍ਹਿਆ ਕਰਦੀ ਸੀ।

ਪ੍ਰ.15. ਮੁੰਦਰੀ ਪੜ੍ਹਨ ਲਈ ਬਾਹਰ ਕਿੱਥੇ ਗਈ ਸੀ?

ਉ. ਮੁੰਦਰੀ ਨੇ ਪੜ੍ਹਨ ਲਈ ਲਾਹੌਰ ਦੀਖਿਆ ਆਸ਼ਰਮ ਵਿੱਚ ਦਾਖਲਾ ਲਿਆ, ਜਿੱਥੇ ਤਿੰਨ ਸਾਲ ਪੜ੍ਹਨ ਉਪਰੰਤ ਦਸਵੀਂ ਦਾ ਇਮਤਿਹਾਨ

ਪ੍ਰ.16. ਕੀ ਸੁੰਦਰੀ ਆਪਣੇ ਪਿਤਾ ਤਾਰਾ ਚੰਦ ਤੋਂ ਆਪਣੀ ਮਾਂ (ਗੁਰਦੇਈ) ਤੇ ਕੀਤੇ ਜ਼ੁਲਮਾਂ ਦਾ ਬਦਲਾ ਲੈਂਦੀ ਹੈ?

ਉ. ਉਹ ਆਪਣੇ ਪਿਤਾ ਤੋਂ ਕੋਈ ਬਦਲਾ ਨਹੀਂ ਲੈਂਦੀ, ਸਗੋਂ ਉਸ ਨੂੰ ਮਾਫ਼ ਕਰ ਦਿੰਦੀ ਹੈ, ਕਿਉਂਕਿ ਉਹ ਸੁਧਰ ਜਾਂਦਾ ਹੈ।

ਪ੍ਰ.17. ਤਾਰਾ ਚੰਦ ਕੌਣ ਸੀ? ਉਸ ਦਾ ਜੀਵਨ ਕਿਵੇਂ ਸੁਧਰਿਆ?

ਉ. ਤਾਰਾ ਚੰਦ ਗੁਰਦੇਈ ਦਾ ਪਤੀ ਅਤੇ ਸੁੰਦਰੀ ਦਾ ਪਿਤਾ ਸੀ। ਸ਼ੁਰੂ ਵਿੱਚ ਉਹ ਸ਼ਰਾਬੀ, ਜ਼ੁਲਮ ਕਰਨ ਵਾਲਾ ਪਾਤਰ ਸੀ, ਪਰੰਤੂ ਗੁਪਤੇਸ਼ੂਰ (ਸੁੰਦਰੀ) ਦੇ ਭਾਸ਼ਣਾਂ ਨੇ ਉਸ ਦੇ ਜੀਵਨ ਤੇ ਡੂੰਘਾ ਪ੍ਰਭਾਵ ਪਾਇਆ। ਸਿੱਟੇ ਵਜੋਂ ਉਸ ਦਾ ਜੀਵਨ ਸੁਧਰ ਗਿਆ। ਅਤੇ ਸਰਕਾਰੀ ਵਿਭਾਗ ਵਿੱਚ ਨੌਕਰੀ ਕਰਨ ਲੱਗ ਪਿਆ।

ਪ੍ਰ.18. ਤਾਰਾ ਚੰਦ ਨੇ ਗੁਰਦੇਈ ਨਾਲ ਕੀ ਦੁਰਵਿਵਹਾਰ ਕੀਤਾ?

ਉ. ਤਾਰਾ ਚੰਦ ਨਸ਼ੇੜੀ ਵਿਅਕਤੀ ਸੀ। ਉਹ ਗੁਰਦੇਈ ਨੂੰ ਕੁੱਟਦਾ-ਮਾਰਦਾ ਅਤੇ ਹਰ ਤਰੀਕੇ ਨਾਲ ਤੰਗ ਕਰਦਾ। ਅੰਤ ਉਸ ਨੂੰ ਪ੍ਰਸੂਤ ਦੀਆਂ ਪੀੜਾਂ ਨਾਲ ਤੜਫਦੀ ਛੱਡ ਕੇ ਘਰੋਂ ਨਿਕਲ ਜਾਂਦਾ ਹੈ।

ਪ੍ਰ.19. ਕੀ ਪੰਡਿਤ ਰਾਧਾ ਕ੍ਰਿਸ਼ਨ ਆਪਣੇ ਧਰਮ ਪ੍ਰਤੀ ਵਫ਼ਾਦਾਰ ਸੀ?

ਉ. ਪੰਡਿਤ ਰਾਧਾ ਕ੍ਰਿਸ਼ਨ ਧਰਮ ਦੀ ਆੜ ਵਿੱਚ ਬਹੁਤ ਗ਼ਲਤ ਕੰਮ ਕਰਦਾ ਸੀ। ਉਹ ਗੁਰਦੇਈ ਨੂੰ ਵੱਡੀ ਉਮਰ ਦੇ ਵਿਅਕਤੀ ਨੂੰ ਵੇਚ ਕੇ ਉਸਦਾ ਪੂਰਾ ਜੀਵਨ ਬਰਬਾਦ ਕਰ ਦਿੰਦਾ ਹੈ। ਉਹ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਕੇ ਸੁਰਗ ਦੇਖਦਾ ਹੈ। ਗੁਰਦੇਈ ਪ੍ਰਤੀ ਉਸ ਦੇ ਧਰਮ ਦੇ ਫ਼ੈਸਲਾਂ ਨੂੰ ਝੁਠਲਾਉਂਦਾ ਹੈ।

ਪ੍ਰ.20. ਨਰੇਨਨ ਕੌਣ ਸੀ ?